This question paper contains 3 printed pages]

*Your Roll No.*...............

**222**

**B.A. (PROGRAMME)/I Sem. B**

PUNJABI LANGUAGE (A)—Paper I

(Advanced Punjabi)

(Admission of 2011 and onwards)

*Time : 3 Hours* *Maximum Marks* : 75

(*Write your Roll No. on the top immediately on receipt of this question paper.*)

ਨੋਟ :– ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

1. ਹਾਸ਼ਮ ਰਚਿਤ ਕਿੱਸਾ 'ਸੱਸੀ ਪੁੰਨੂੰ' ਦੀ ਕਹਾਣੀ ਨੂੰ ਆਪਣੇ ਸ਼ਬਦਾਂ ਵਿਚ ਲਿਖੋ ।

ਜਾਂ

'ਜੰਗਨਾਮਾ ਸਿੰਘਾਂ ਤੇ ਫ਼ਰੰਗੀਆਂ' ਵਿਚ ਸਿੱਖ ਰਾਜ ਦੇ ਪਤਨ ਦੀ ਕਿਹੋ ਜਿਹੀ ਤਸਵੀਰ ਪੇਸ਼ ਕੀਤੀ ਗਈ ਹੈ । 15

2. ਹੇਠ ਲਿਖਿਆਂ ਵਿਚੋਂ ਕੋਈ ਦੋ ਪ੍ਰਸ਼ਨਾਂ ਦੇ ਉਤਰ ਦਿਉ : 2×5=10

(ੳ) ਕਿੱਸੇ ਤੋਂ ਕੀ ਭਾਵ ਹੈ ।

(ਅ) 'ਕਿੱਸਾ ਪੂਰਨ ਭਗਤ' ਦੇ ਪ੍ਰਮੁੱਖ ਪਾਤਰਾਂ ਨਾਲ ਜਾਣ-ਪਛਾਣ ਕਰਾਉ ।

(ੲ) ਪੀਲੂ ਰਚਿਤ ਕਿੱਸਾ 'ਮਿਰਜ਼ਾ ਸਾਹਿਬਾਂ' ਵਿਚ ਪੇਸ਼ ਵਿਅੰਗ 'ਤੇ ਟਿਪਣੀ ਕਰੋ ।

(ਸ) ਗੁਰੂ ਗੋਬਿੰਦ ਸਿੰਘ ਰਚਿਤ 'ਚੰਡੀ ਦੀ ਵਾਰ' ਦੇ ਕਾਵਿਕ ਗੁਣ ਲਿਖੋ ।

(ਹ) ਨਜਾਬਤ ਦੀ ਵਾਰ ਦੀਆਂ ਇਤਿਹਾਸਕ ਵਿਸ਼ੇਸ਼ਤਾਵਾਂ ਲਿਖੋ ।

P.T.O.

3. ਸਵੈ-ਜੀਵਨੀ ਰੂਪਾਕਾਰ ਦੀ ਦੂਜੇ ਪੰਜਾਬੀ ਰੂਪਾਕਾਰਾਂ (ਜੀਵਨੀ, ਡਾਇਰੀ, ਸੰਸਮਰਨ, ਰੇਖਾ ਚਿਤਰ, ਸਫ਼ਰਨਾਮਾ ਆਦਿ) ਨਾਲ ਤੁਲਨਾ ਕਰੋ ।

ਜਾਂ

ਸਵੈ-ਜੀਵਨੀ 'ਨੰਗੇ ਪੈਰਾਂ ਦਾ ਸਫ਼ਰ' ਵਿਚੋਂ ਨਾਰੀ ਦਾ ਕਿਸ ਤਰ੍ਹਾਂ ਦਾ ਸਰੂਪ ਉਭਰਦਾ ਹੈ ? ਵਿਸਤਾਰ ਨਾਲ ਲਿਖੋ । 15

4. ਹੇਠ ਲਿਖਿਆਂ ਵਿਚੋਂ ਕੋਈ ਦੋ ਸਵਾਲਾਂ ਦੇ ਜਵਾਬ ਦਿਉ । 2×5=10

(ੳ) ਸਵੈ-ਜੀਵਨੀਕਾਰ ਦਲੀਪ ਕੌਰ ਟਿਵਾਣਾ ਦੀ ਬਚਪਨ ਦੀ ਕਿਸੇ ਇਕ ਮੁੱਖ ਘਟਨਾ ਦੀ ਚਰਚਾ ਕਰੋ ।

(ਅ) ਸਵੈ-ਜੀਵਨੀਕਾਰ ਦਲੀਪ ਕੌਰ ਟਿਵਾਣਾ ਦੇ ਆਪਣੀ ਭੂਆ ਤੇ ਫੁੱਫੜ ਨਾਲ ਕਿਹੋ ਜਿਹੇ ਸੰਬੰਧ ਸਨ ?

(ੲ) ਇਸ ਸਵੈ-ਜੀਵਨੀ 'ਚ ਪੇਸ਼ ਵਹਿਮਾਂ-ਭਰਮਾਂ ਦਾ ਜ਼ਿਕਰ ਕਰੋ ।

(ਸ) ਸਵੈ-ਜੀਵਨ 'ਨੰਗੇ ਪੈਰਾਂ ਦਾ ਸਫ਼ਰ' ਦੇ ਸਿਰਲੇਖ ਦਾ ਕੀ ਭਾਵ ਹੈ ?

5. (ੳ) ਮੂਲ-ਸ਼ਬਦ ਤੇ ਰਚਿਤ ਸ਼ਬਦ ਦੀ ਪਰਿਭਾਸ਼ਾ ਉਦਾਹਰਣਾਂ ਸਹਿਤ ਲਿਖੋ । 5

(ਅ) ਹੇਠ ਲਿਖੇ ਅਗੇਤਰ ਵਰਤ ਕੇ ਦੋ-ਦੋ ਸ਼ਬਦ ਬਣਾਉ ।

ਬਦ, ਮਹਾ, ਸਵੈ, ਉਪ, ਬੇ । 5

6. ਤੁਹਾਡੇ ਕਾਲਜ ਵਿਚ ਹੋਏ ਸਲਾਨਾ ਸਮਾਰੋਹ 'ਤੇ ਰਿਪੋਰਟ ਤਿਆਰ ਕਰੋ ।

ਜਾਂ

ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਉਸ ਦਾ ਸਾਰ ਲਿਖੋ ਅਤੇ ਢੁੱਕਵਾਂ ਸਿਰਲੇਖ ਵੀ ਦਿਉ । 10

"ਬਹਾਦਰੀ ਦਾ ਜੀਵਨ ਹੀ ਸਭ ਤੋਂ ਵਧੀਆ ਜੀਵਨ ਹੁੰਦਾ ਹੈ। ਅਜਿਹੇ ਜੀਵਨ ਦੀ ਸਭ ਤੋਂ ਵੱਡੀ ਪਛਾਣ ਇਹ ਹੈ ਕਿ ਇਹ ਇਸ ਗੱਲ ਦੀ ਚਿੰਤਾ ਨਹੀਂ ਕਰਦਾ ਕਿ ਤਮਾਸ਼ਾ ਦੇਖਣ ਵਾਲੇ ਲੋਕ ਉਹਦੇ ਬਾਰੇ ਕੀ ਸੋਚਦੇ ਹੋਣਗੇ ਲੋਕਾਂ ਦੀ ਪਰਵਾਹ ਕੀਤੇ ਬਿਨਾਂ ਜਿਉਣ ਵਾਲਾ ਆਦਮੀ ਹੀ ਦੁਨੀਆਂ ਦੀ ਅਸਲੀ ਤਾਕਤ ਹੁੰਦਾ ਹੈ। ਮਨੁੱਖਤਾ ਨੂੰ ਰੌਸ਼ਨੀ ਵੀ ਅਜਿਹੇ ਵਿਅਕਤੀ ਤੋਂ ਹੀ ਮਿਲਦੀ ਹੈ। ਆਲੇ-ਦੁਆਲੇ ਤੇ ਡਰ-ਡਰ ਕੇ ਚੱਲਣਾ ਸਧਾਰਨ ਜੀਵ ਦਾ ਕੰਮ ਹੁੰਦਾ ਹੈ। ਕ੍ਰਾਂਤੀ ਕਰਨ ਵਾਲੇ ਬਹਾਦਰ ਲੋਕ ਨਾ ਤਾਂ ਆਪਣੇ ਉਦੇਸ਼ ਦੀ ਤੁਲਨਾ ਕਿਸੇ ਗੁਆਂਢੀ ਦੇ ਉਦੇਸ਼ ਨਾਲ ਕਰਦੇ ਹਨ ਅਤੇ ਨਾ ਹੀ ਆਪਣੀ ਚਾਲ ਨੂੰ ਗੁਆਂਢੀ ਦੀ ਚਾਲ ਦੇਖ ਕੇ ਮੱਧਮ ਕਰਦੇ ਹਨ।"

7. ਹੇਠ ਲਿਖੇ ਅਖਾਣਾਂ 'ਚੋਂ **ਪੰਜ** ਦੇ ਅਰਥ ਦੱਸ ਕੇ ਵਾਕਾਂ ਵਿੱਚ ਵਰਤੋ : 5

(ੳ) ਉਲਟਾ ਚੋਰ ਕੋਤਵਾਲ ਨੂੰ ਡਾਂਟੇ;

(ਅ) ਇਕ ਅਨਾਰ ਸੌ ਬੀਮਾਰ;

(ੲ) ਆਪਣੇ ਮੂੰਹ ਮੀਆਂ ਮਿੱਠੂ;

(ਸ) ਹੱਥ ਕੰਗਣ ਨੂੰ ਆਰਸੀ ਕੀ ?

(ਹ) ਖੂਹ ਪੁੱਟ ਦੇ ਨੂੰ ਖਾਤਾ ਤਿਆਰ;

(ਕ) ਗ਼ਰੀਬਾਂ ਰੱਖੇ ਰੋਜ਼ੇ ਦਿਨ ਵੱਡੇ ਆਏ;

(ਖ) ਚੋਰਾਂ ਦੇ ਕੱਪੜੇ ਡਾਂਗਾਂ ਦੇ ਗਜ਼;

(ਗ) ਡਿੱਗੀ ਖੋਤੇ ਤੋਂ ਗੁੱਸਾ ਘੁਮਿਆਰ 'ਤੇ।